F.No: 12/7/2019-3FF/113988

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਸੁਤੰਤਰਤਾ ਸੰਗਰਾਮੀ ਸ਼ਾਖਾ)

ਹੁਕਮ

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ ਦੀਆਂ ਸਧਾਰਨ/ਏ.ਸੀ ਬੱਸਾਂ ਵਿੱਚ ਮਿਲਣ ਵਾਲੀ ਮੁਫਤ ਸਫਰ ਸਹੂਲਤ ਦਾ ਦਾਇਰਾ ਵਧਾਉਂਦੇ ਹੋਏ, ਇਸ ਮੁਫਤ ਸਫਰ ਸਹੂਲਤ ਵਿੱਚ ਉਨ੍ਹਾਂ ਦੀਆਂ ਵਿਧਵਾਵਾਂ, ਅਣਵਿਆਹੀਆਂ ਤੇ ਬੇਰੁਜ਼ਗਾਰ ਲੜਕੀਆਂ ਸਮੇਤ ਸੁਤੰਤਰਤਾ ਸੰਗਰਾਮੀਆਂ ਦੇ ਤੀਸਰੀ ਪੀੜ੍ਹੀ ਤੱਕ ਦੇ ਸਾਰੇ ਯੋਗ ਵਾਰਸਾਂ (ਲੜਕਾ, ਲੜਕੀ, ਪੋਤਾ, ਪੋਤੀ, ਦੋਹਤਾ, ਦੋਹਤੀ) ਨੂੰ ਵੀ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੰਦੇ ਹਨ। ਇਸ ਸਹੂਲਤ ਦਾ ਲਾਭ ਲੈਣ ਲਈ ਲਾਭਪਾਤਰੀ ਵੱਲੋਂ ਸਮਰੱਥ ਅਥਾਰਟੀ ਦਾ ਜਾਰੀ ਕੀਤਾ ਗਿਆ ਸ਼ਨਾਖਤੀ ਕਾਰਡ (ਜਿਸ ਉੱਪਰ ਹੋਲੋਗ੍ਰਾਮ ਲੱਗਿਆ ਹੋਵੇ) ਵਿਖਾਉਣਾ ਲਾਜ਼ਮੀ ਹੋਵੇਗਾ।

2. ਇਸ ਸਹੂਲਤ ਬਦਲੇ ਆਮ ਰਾਜ ਪ੍ਰਬੰਧ ਵਿਭਾਗ (ਸੁਤੰਤਰਤਾ ਸੰਗਰਾਮੀ ਸ਼ਾਖਾ) ਪੰਜਾਬ ਵੱਲੋਂ ਟਰਾਂਸਪੋਰਟ ਵਿਭਾਗ, ਪੰਜਾਬ ਨੂੰ ਕਿਰਾਏ ਦੀ ਮੁੜ ਅਦਾਇਗੀ/ਪ੍ਰਤੀਪੂਰਤੀ ਕੀਤੀ ਜਾਵੇਗੀ।

3. ਇਸ ਸਹੂਲਤ ਦੀ ਪ੍ਰਤੀਪੂਰਤੀ ਉੱਤੇ ਹੋਣ ਵਾਲਾ ਖਰਚਾ ਮੁੱਖ ਮੱਦ ਨੰ: 2235-ਸਮਾਜਿਕ ਸੁਰੱਖਿਆ ਅਤੇ ਭਲਾਈ-60-ਸਮਾਜਿਕ ਸੁਰੱਖਿਆ ਅਤੇ ਭਲਾਈ ਪ੍ਰੋਗਰਾਮ-107-ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ-01-ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਪੈਨਸ਼ਨ ਅਤੇ ਹੋਰ ਲਾਭ-50-ਹੋਰ ਖਰਚੇ (ਵੋਟਿਡ) ਵਿੱਚੋਂ ਕੀਤਾ ਜਾਵੇਗਾ।

4. ਇਹ ਪ੍ਰਵਾਨਗੀ ਵਿੱਤ ਵਿਭਾਗ (ਵਿੱਤ ਖਰਚਾ-1) ਸ਼ਾਖਾ ਦੇ ਪੱਤਰ ਨੰ: FD-FE-106/33/2020-2FE1/111752 ਮਿਤੀ 02-12-2020 ਰਾਹੀਂ ਦਿੱਤੀ ਗਈ ਮਨਜ਼ੂਰੀ ਸਨਮੁੱਖ ਜਾਰੀ ਕੀਤੀ ਜਾਂਦੀ ਹੈ।

ਮਿਤੀ, ਚੰਡੀਗੜ੍ਹ:
07-12-2020

ਵੀ.ਕੇ.ਮੀਨਾ
ਸਕੱਤਰ, ਪੰਜਾਬ ਸਰਕਾਰ
ਸੁਤੰਤਰਤਾ ਸੰਗਰਾਮੀ ਸ਼ਾਖਾ

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਟ੍ਰਾਂਸਪੋਰਟ ਪੰਜਾਬ ਨੂੰ ਉਨ੍ਹਾਂ ਦੇ ਪੱਤਰ ਨੰ: 4ਟੀ1/2019/ਈ-194/1567245 , ਮਿਤੀ 06-09-2019 ਦੇ ਹਵਾਲੇ ਵਿੱਚ।
3. ਡਾਇਰੈਕਟਰ, ਸਟੇਟ ਟ੍ਰਾਂਸਪੋਰਟ, ਪੰਜਾਬ, ਚੰਡੀਗੜ੍ਹ।
4. ਮੈਨੇਜਿੰਗ ਡਾਇਰੈਕਟਰ, ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ। (ਪੀ.ਆਰ.ਟੀ.ਸੀ)
5. ਖਜ਼ਾਨਚੀ, ਪੁੰਨ ਅਰਥ ਤੇ ਜਾਇਦਾਦ, ਦੂਜੀ ਮੰਜਲ, ਪੁਰਾਣੀ ਪੁੱਡਾ ਬਿਲਡਿੰਗ, ਫੇਜ਼-1, ਮੋਹਾਲੀ ਨੂੰ ਵਿੱਤ ਵਿਭਾਗ ਦੇ ਉਕੰਤ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਨਜ਼ੂਰ ਕੀਤੀ ਰਾਸ਼ੀ ਦਾ ਬਜਟ ਉਪਬੰਧ ਸਾਲ 2020-21 ਦੇ ਸੋਧੇ ਅਨੁਮਾਨਾਂ ਦੌਰਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।
6. ਵਿੱਤ ਵਿਭਾਗ (ਵਿੱਤ ਖਰਚਾ-1 ਸ਼ਾਖਾ)।

ਸੁਰੇਸ਼ ਕੁਮਾਰੀ
ਓ/ਸੁਪਰਡੰਟ